ਇੰਜੀ. ਗੁਰਦੀਪ ਸਿੰਘ, ਪਹਿਲੀ ਐਪੀਲੈਟ ਅਥਾਰਟੀ-ਕਮ-ਨਿਗਰਾਨ ਇੰਜੀਨੀਅਰ/ਇੰਟਰ ਸਟੇਟ ਵਾਟਰਜ਼, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।

ਵਿਸ਼ਾ ਆਰ.ਟੀ.ਆਈ ਐਕਟ-2005 ਦੇ ਸੈਕਸ਼ਨ19(1) ਅਧੀਨ ਪਹਿਲੀ ਅਪੀਲ- ਇੰਜੀ. ਏ.ਡੀ.ਐਸ ਅਨੰਦਪੁਰੀ।

1) ਪੀ.ਆਈ.ਉ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਂਸ ਵਿੰਗ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਅਪੀਲ ਕਰਤਾ

ਮਿਤੀ 30.03.2021 ਦੀ ਕਾਰਵਾਈ ਰਿਪੋਰਟ

ਅੱਜ ਮਿਤੀ 30.03.2021 ਨੂੰ ਪੀ.ਆਈ.ਉ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਂਸ ਵਿੰਗ, ਜਲ ਸਰੋਤ ਵਿਭਾਗ, ਬਠਿੰਡਾ ਵੱਲੋਂ ਸ੍ਰੀ ਪਰਮਜੀਤ ਸਿੰਘ ਰਾਹੀਆ ਪੇਸ਼ ਹੋਏ। ਅਪੀਲ ਕਰਤਾ ਵੀ ਖੁੱਦ ਹਾਜ਼ਰ ਹੋਏ।

ਸ੍ਰੀ ਏ.ਡੀ.ਐਸ ਅਨੰਦਪੁਰੀ ਵੱਲੋਂ ਆਰ.ਟੀ.ਆਈ ਐਕਟ 2005 ਰਾਹੀ ਪੀ.ਆਈ.ਉ-ਕਮ-ਰਜਿਸਟਰਾਰ, ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ) ਚੰਡੀਗੜ੍ਹ ਦੇ ਦਫਤਰ ਪਾਸੋ, ਸ੍ਰੀ ਸੰਜੇ ਕੋਚਰ, ਡਰਾਫਟਸਮੈਨ (ਹੁਣ ਹੈਡ ਡਰਾਫਟਸਮੈਨ) ਸਬੰਧੀ ਮਿਤੀ 23.01.2021 ਨੂੰ ਹੇਠ ਲਿਖੀ ਸੂਚਨਾ ਦੀ ਮੰਗ ਕੀਤੀ ਸੀ।

1) Copy of inquiry report conducted by Technical Examiner and Vigilance Officer which concluded further report to the Government, officer of Secretary, Water resources Department, Sector-9, Chandigarh therefore, the Copy of the report submitted by the Chief Engineer/Vigilance may kindly be supplied.
2) Copy of enclosures of report along with statement of absentee land lord colonizer Sh. Sanjay Kochhar may be supplied.
3) Copies of complaints involved may also be supplied.

ਇਹ ਆਰ.ਟੀ.ਆਈ ਦੀ ਦਰਖਾਸਤ ਪੀ.ਆਈ.ਉ-ਕਮ-ਰਜਿਸਟਰਾਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਸ, ਜਲ ਸਰੋਤ ਵਿਭਾਗ,ਪੰਜਾਬ,ਚੰਡੀਗੜ੍ਹ ਨੂੰ ਤਬਦੀਲ ਕੀਤੀ। ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਸ, ਜਲ ਸਰੋਤ ਵਿਭਾਗ,ਪੰਜਾਬ, ਚੰਡੀਗੜ੍ਹ ਵੱਲੋ ਇਸ ਮੰਗੀ ਗਈ ਸੂਚਨਾ ਦੀ ਦਰਖਾਸਤ ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਸ ਮੰਡਲ, ਬਠਿੰਡਾ ਨੂੰ ਭੇਜੀ ਗਈ।

ਨਿਗਰਾਨ ਇੰਜੀਨੀਅਰ/ ਵਿਜੀਲੈਸ ਅਤੇ ਕੁਆਲਟੀ ਐਸੋਰੈਸ ਹਲਕਾ, ਫਿਰੋਜਪੁਰ ਵੱਲੋ ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਸ ਮੰਡਲ, ਬਠਿੰਡਾ ਦੇ ਪੱਤਰ 209/ਆਰ.ਟੀ.ਆਈ ਮਿਤੀ 22.02.2021 ਦੇ ਅਧਾਰ ਤੇ ਮਿਤੀ 26.02.2021 ਨੂੰ ਮੰਗੀ ਗਈ ਸੂਚਨਾ ਮੁੱਖ ਇੰਜੀਨੀਅਰ/ਚੌਕਸੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜੀ ਗਈ ਅਤੇ ਇਹ ਸੂਚਨਾ ਅਪੀਲ ਕਰਤਾ ( ਸ੍ਰੀ ਏ.ਡੀ.ਐਸ ਅਨੰਦਪੁਰੀ) ਨੂੰ ਮੁਹੱਈਆ ਕਰਵਾਈ ਗਈ।

ਸੂਚਨਾ ਤੋਂ ਸੰਤੁਸ਼ਟ ਨਾ ਹੋਣ ਕਾਰਨ ਅਪੀਲ ਕਰਤਾ (ਸ੍ਰੀ ਏ.ਡੀ.ਐਸ ਅਨੰਦਪੁਰੀ) ਵੱਲੋਂ ਮਿਤੀ 18.03.2021 ਨੂੰ ਇਸ ਅਦਾਲਤ (ਪਹਿਲੀ ਐਪੀਲੈਂਟ ਅਥਾਰਟੀ) ਵਿੱਚ ਆਰ.ਟੀ.ਆਈ ਦੀ ਧਾਰਾ 19(1) ਅਧੀਨ ਪਹਿਲੀ ਅਪੀਲ ਦਾਇਰ ਕੀਤੀ। ਜਿਸ ਸਬੰਧੀ ਮਿਤੀ 30.03.2021 ਨੂੰ ਇਸ ਅਪੀਲ ਕੇਸ ਦੀ ਸੁਣਵਾਈ ਦੀ ਮਿਤੀ ਤਹਿ ਕੀਤੀ ਗਈ।

ਬੁਲਟਾ ਪੰਨਾ

Scanned with CamScanner

ਜਲ ਸਰੋਤ ਵਿਭਾਗ,ਪੰਜਾਬ, ਚੰਡੀਗੜ੍ਹ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਗਈਆ ਪਹਿਲੀ ਐਪੀਲੈਟ ਅਥਾਰਟੀ, ਪੀ.ਆਈ.ਓ ਅਤੇ ਏ.ਪੀ.ਆਈ.ਓ ਦੀਆਂ ਲਿਸਟਾਂ ਅਨੁਸਾਰ ਅਤੇ ਪੀ.ਆਈ.ਓ-ਕਮ-ਰਜਿਸਟਰਾਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਦਫਤਰੀ ਪਿੱਠ ਅੰਕਣ ਨੰ 154/ਸੀ.ਆਰ, ਮਿਤੀ 25.03.2021 ਅਨੁਸਾਰ ਇਹ ਤੱਥ ਸਾਹਮਣੇ ਆਇਆ ਹੈ ਕਿ ਜਿਹੜੀ ਸੂਚਨਾ ਸ੍ਰੀ ਏ.ਡੀ.ਐਸ ਅਨੰਦਪੁਰੀ ਨੂੰ ਮੁਹੱਈਆ ਕਰਵਾਈ ਗਈ ਹੈ ਉਹ ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਂਸ ਮੰਡਲ, ਬਠਿੰਡਾ ਵੱਲੋ ਤਿਆਰ ਕੀਤੀ ਗਈ ਹੈ ਅਤੇ ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਂਸ ਮੰਡਲ, ਬਠਿੰਡਾ ਇਸ ਅਦਾਲਤ ਦੇ ਅਧਿਕਾਰੀ ਖੇਤਰ ਵਿੱਚ ਨਹੀਂ ਆਉਂਦੇ, ਕਿਉਕਿ ਇਸ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਸਿਰਫ ਹੈਡ ਆਫਿਸ ਚੰਡੀਗੜ੍ਹ ਦੇ ਦਫਤਰ ਹੀ ਆਉਂਦੇ ਹਨ।

ਇਲ ਲਈ ਉਪਰੋਕਤ ਤੱਥ ਨੂੰ ਵਿਚਾਰਦੇ ਹੋਏ ਅਪੀਲ ਨੂੰ ਡਿਸਪੋਜ ਆਫ ਕੀਤਾ ਜਾਂਦਾ ਹੈ ਅਤੇ ਅਪੀਲ ਕਰਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹਨਾ ਵੱਲੋਂ ਆਪਣੀ ਅਪੀਲ ਸਬੰਧਤ ਪਹਿਲੀ ਐਪੀਲੈਂਟ ਅਥਾਰਟੀ ਕੋਲ ਦਾਇਰ ਕੀਤੀ ਜਾਵੇ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਨਿਗਰਾਨ ਇੰਜੀਨੀਅਰ/ਇੰਟਰ ਸਟੇਟ ਵਾਟਰਜ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ 2171-73/131ਐਮ/2ਵ:ਸ/2021 ਮਿਤੀ 30/03/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ-ਕਮ-ਕਾਰਜਕਾਰੀ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਐਸੋਰੈਂਸ ਵਿੰਗ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਇੰਜੀ. ਏ.ਡੀ.ਐਸ ਅਨੰਦਪੁਰੀ, ਚੇਅਰਮੈਨ (ਪੰਜਾਬ ਸਰਵਿਸਜ ਐਂਟੀ-ਕੁਰੱਪਸ਼ਨ ਕੌਂਸਲ), ਸੰਨੀ ਐਂਕਲੇਵ, ਕਲੱਬ ਰੋਡ, ਖਰੜ, ਸੈਕਟਰ-125 ਨੂੰ ਸੂਚਨਾ ਹਿੱਤ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਨਿਗਰਾਨ ਇੰਜੀਨੀਅਰ/ਇੰਟਰ ਸਟੇਟ ਵਾਟਰਜ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਕਾਪੀ: ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ ਨੂੰ ਸੂਚਨਾ ਹਿੱਤ

Scanned with CamScanner